# ਬਾਲ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਸਮਝੌਤੇ ਨੂੰ ਲਾਗੂ ਕਰਨ ‘ਤੇ ਜਨਤਕ ਵਿਚਾਰ

******************************************************************

ਕਾਨਸਟਿਟੂਸ਼ਨਲ ਐਂਡ ਮੈਨਲੈਂਡ ਅਫੈਅਰਸ ਬਿਊਰੋ (CMAB) ਵੱਲੋਂ ਅੱਜ (23 ਫਰਵਰੀ) ਤੋਂ ਹਾਂਗ ਕਾਂਗ ਦੇ ਵਿਸ਼ੇਸ਼ ਪ੍ਰਬੰਧਕੀ ਖੇਤਰ (HKSAR) ਵਿਚ ਬਾਲ ਅਧਿਕਾਰਾਂ ਬਾਰੇ ਸੰਯੁਕਤ ਰਾਸ਼ਟਰ ਸਮਝੌਤੇ (ਇਕ ਸਮਝੌਤਾ) ਨੂੰ ਲਾਗੂ ਕਰਨ ‘ਤੇ ਜਨਤਕ ਵਿਚਾਰ ਪੇਸ਼ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ।

ਕੇਂਦਰੀ ਲੋਕ ਸਰਕਾਰ (CPG) ਸਮਝੌਤੇ ਦੇ ਤਹਿਤ ਚੀਨ ਦੀ ਪੰਜਵੀਂ ਅਤੇ ਛੇਵੀਂ ਰਿਪੋਰਟ ਨੂੰ ਇਕੱਠਿਆਂ ਪੇਸ਼ ਕਰੇਗੀ। HKSAR ਦੀ ਸਰਕਾਰ ਪੀਪਲਜ਼ ਰੀਪਬਲਿਕ ਆੱਫ਼ ਚਾਈਨਾ ਦੀ ਰਿਪੋਰਟ ਦੇ ਹਿੱਸੇ ਵਜੋਂ ਸ਼ਾਮਲ ਹੋਣ ਲਈ HKSAR ਵਿੱਚ ਸਮਝੌਤੇ ਨੂੰ ਲਾਗੂ ਕਰਨ ਬਾਰੇ ਆਪਣੀ ਰਿਪੋਰਟ CPG ਨੂੰ ਪੇਸ਼ ਕਰੇਗੀ।

ਸਥਾਪਤ ਕਾਰਵਾਈ ਦੇ ਅਨੁਸਾਰ, ਸਰਕਾਰ ਨੇ ਜਨਤਕ ਟਿੱਪਣੀਆਂ ਪ੍ਰਾਪਤ ਕਰਨ ਲਈ ਢੁੱਕਵੇਂ ਮੁੱਦਿਆਂ ਨੂੰ ਵਿਸ਼ਿਆਂ ਵਿਚ ਸ਼ਾਮਲ ਕਰਕੇ ਰਿਪੋਰਟ ਦੀ ਰੂਪ ਰੇਖਾ ਤਿਆਰ ਕੀਤੀ ਹੈ। ਰਿਪੋਰਟ ਦੀ ਰੂਪਰੇਖਾ ਦੀਆਂ ਕਾਪੀਆਂ ਜ਼ਿਲ੍ਹਾ ਦਫਤਰਾਂ ਦੇ ਗ੍ਰਹਿ ਮਾਮਲੇ ਦੇ ਪੁਛ ਗਿਛ ਕੇਂਦਰਾਂ ਤੋਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਇਹ CMAB ਦੀ ਵੈਬਸਾਈਟ www.cmab.gov.hk 'ਤੇ ਵੀ ਉਪਲਬਧ ਹੈ।

CMAB ਦੇ ਇਕ ਬੁਲਾਰੇ ਨੇ ਕਿਹਾ, “ਆਮ ਜਨਤਾ ਰੂਪ ਰੇਖਾ ਵਿਚਲੇ ਵਿਸ਼ਿਆਂ ਦੇ ਸੰਬੰਧ ਵਿਚ ਸਮਝੌਤੇ ਨੂੰ ਲਾਗੂ ਕਰਨ ਬਾਰੇ ਜਾਂ ਕਿਸੇ ਹੋਰ ਵਿਸ਼ੇ ਜਿਸ ਬਾਰੇ ਉਹ ਸੋਚਦੇ ਹਨ ਕਿ ਸਾਨੂੰ HKSAR ਦੀ ਰਿਪੋਰਟ ਵਿੱਚ ਸ਼ਾਮਲ ਕਰਨਾ ਚਾਹੀਦਾ ਹੈ, 'ਤੇ ਆਪਣੇ ਸੁਝਾਅ ਦੇਣ ਲਈ ਵਿਚਾਰ ਇਸ ਸਾਲ 9 ਅਪ੍ਰੈਲ ਤੱਕ ਪੇਸ਼ ਕਰ ਸਕਦੇ ਹਨ। ਅਸੀਂ ਰਿਪੋਰਟ ਦਾ ਖਰੜਾ ਤਿਆਰ ਕਰਨ ਵਿਚ ਪ੍ਰਾਪਤ ਹੋਈਆਂ ਸਾਰੀਆਂ ਟਿਪਣੀਆਂ ਅਤੇ ਸੁਝਾਵਾਂ 'ਤੇ ਧਿਆਨ ਨਾਲ ਵਿਚਾਰ ਕਰਾਂਗੇ”।

ਆਮ ਜਨਤਾ ਜੋ ਕਿ ਆਪਣੇ ਵਿਚਾਰ ਪੇਸ਼ ਕਰਨਾ ਚਾਹੁੰਦੇ ਹਨ ਉਹ Constitutional and Mainland Affairs Bureau (Team 5), 12/F, East Wing, Central Government Offices, 2 Tim Mei Avenue, Tamar ਨੂੰ ਲਿਖ ਕੇ; ਜਾਂ ਆਪਣੀ ਬੇਨਤੀ ਨੂੰ ਫੈਕਸ ਦੁਆਰਾ 2840 0657 'ਤੇ ਜਾਂ ਈਮੇਲ ਦੁਆਰਾ crc_consultation@cmab.gov.hk 'ਤੇ ਭੇਜ ਸਕਦੇ ਹਨ।

NNNN

[ਇਹ ਦਸਤਾਵੇਜ਼ ਚੀਨੀ / ਅੰਗਰੇਜ਼ੀ ਤੋਂ ਅਨੁਵਾਦ ਕੀਤਾ ਗਿਆ ਹੈ। ਜੇ ਚੀਨੀ / ਅੰਗਰੇਜ਼ੀ ਸੰਸਕਰਣ ਅਤੇ ਅਨੁਵਾਦ ਕੀਤੇ ਸੰਸਕਰਣ ਵਿਚਕਾਰ ਕੋਈ ਫਰਕ ਹੈ, ਤਾਂ ਚੀਨੀ / ਅੰਗਰੇਜ਼ੀ ਸੰਸਕਰਣ ਹੀ ਭਰੋਸੇਯੋਗ ਹੋਵੇਗਾ।]